# ਬ੍ਰਿਟਿੱਸ਼ ਲਾਇਬ੍ਰੇਰੀ ਦੇ ਬਾਰੇ ਜਾਣਕਾਰੀ

## ਅਸੀਂ ਕੀ ਕਰਦੇ ਹਾਂ?

ਬ੍ਰਿਟਿਸ਼ ਲਾਇਬ੍ਰੇਰੀ ਯੁਨਾਇਟਿਡ ਕਿੰਗਡਮ ਦੀ ਰਾਸ਼ਟਰੀ ਲਾਇਬ੍ਰੇਰੀ ਹੈ। ਅਸੀਂ 250 ਸਾਲ ਤੋਂ ਪ੍ਰਕਾਸ਼ਨ, ਹਸਤ-ਲਿਖਤਾਂ, ਦਸਤਾਵੇਜ਼ ਅਤੇ ਦੂਜੀਆਂ ਚੀਜ਼ਾਂ ਨੂੰ ਜਮ੍ਹਾ ਕਰ ਰਹੇ ਹਾਂ ਅਤੇ ਸਾਨੂੰ ਬਰਤਾਨੀਆ ਅਤੇ ਆਇਰਲੈਂਡ ਵਿਚ ਪ੍ਰਕਾਸ਼ਿਤ ਹਰ ਚੀਜ਼ ਦੀ ਕਾਪੀ ਪ੍ਰਾਪਤ ਹੁੰਦੀ ਹੈ – ਇਸ ਲਈ ਤੁਸੀਂ ਕਹਿ ਸਕਦੇ ਹੋ ਕਿ ਅਸੀਂ ਦੇਸ ਦੀ ਯਾਦਦਾਸ਼ਤ ਦੇ ਬਹੁਤ ਵੱਡੇ ਹਿੱਸੇ ਨੂੰ ਸੰਭਾਲਦੇ ਹਾਂ। ਅਸੀਂ ਸਾਰੀ ਦੁਨੀਆ ਵਿੱਚੋਂ ਮਹਤੱਵਪੂਰਨ ਪ੍ਰਕਾਸ਼ਨਾਂ ਨੂੰ ਖ਼ਰੀਦਦੇ ਵੀ ਹਾਂ ਅਤੇ ਸਾਡੇ ਸੰਗ੍ਰਿਹ ਵਿੱਚ ਵਧੇਰੀਆਂ ਜਾਣੀਆਂ ਹੋਈਆਂ ਭਾਸ਼ਾਵਾਂ ਹਨ।

ਬ੍ਰਿਟਿੱਸ਼ ਲਾਇਬ੍ਰੇਰੀ ਵੇਖਣ ਯੋਗ ਥਾਂ ਹੈ। ਸਾਡਾ St Pancras ਵਿਖੇ ਸ਼ਾਨਦਾਰ ਮੁਖ ਮੁਕਾਮ ਭਰਪੂਰ ਅਤੇ ਪ੍ਰੇਰਿਤ ਕਰਦਾ ਸਥਾਨ ਹੈ ਅਤੇ ਹਫ਼ਤੇ ਦੇ ਸੱਤੋ ਦਿਨ ਖੁੱਲ੍ਹਦਾ ਹੈ। ਸਾਡੀ ਦੁਕਾਨ, ਰੈਸਟੋਰੈਂਟ ਅਤੇ ਕੈਫ਼ੇ ਵਿਚ ਹਰ ਕਿਸੇ ਦਾ ਸੁਆਗਤ ਹੈ। ਓਥੇ ਨੁਮਾਇਸ਼ਾਂ ਵੀ ਹਨ, ਅਤੇ ਹਨ ਸਜੀਵ ਸਮਾਗਮ, ਤੇ ਸਾਡੇ ਸੰਗ੍ਰਿਹ ਵਿੱਚੋਂ ਵਿਸ਼ੇਸ਼ ਚੀਜ਼ਾਂ ਦੀ ਗੈਲਰੀ ਜਿਹੜੀ ਹਫ਼ਤੇ ਦੇ ਸੱਤੋ ਦਿਨ ਖੁੱਲ੍ਹਦੀ ਹੈ ਤੇ ਏਥੇ ਆਉਣ ਦੀ ਕੋਈ ਫ਼ੀਸ ਨਹੀਂ ਹੈ। ਵਧੇਰੇ ਜਾਣਕਾਰੀ ਲਈ ਸਾਡਾ ਲੀਫ਼ਲੈੱਟ *Exhibitions and Events* ਜਾਂ www.bl.uk/onlinegallery/whatson/whatson.html ਵੇਖੋ।

ਅਸੀਂ *Magna Carta*, Nelson Mandela ਦਾ ਮੁਕੱਦਮੇ ਵੇਲੇ ਦਾ ਭਾਸ਼ਣ, Leonardo da Vinci ਦੀਆਂ ਨੋਟਬੁਕਾਂ ਅਤੇ Beatles ਦੀਆਂ ਹਸਤ-ਲਿਖਤਾਂ ਦੀ ਸਾਂਭ-ਸੰਭਾਲ ਕਰਦੇ ਹਾਂ। ਸਾਰੀ ਦੁਨੀਆ ਤੋਂ ਲੋਕ ਇਤਿਹਾਸਿਕ ਦਸਤਾਵੇਜ਼ਾਂ ਅਤੇ ਸਾਹਿਤਕ ਸ਼ਾਨਾਦਾਰ ਰਚਨਾਵਾਂ ਨੂੰ ਵੇਖਣ ਅਤੇ ਸਾਡੇ ਰੀਡਿੰਗ ਰੂਮ ਵਿਚ ਰੀਸਰਚ ਯੋਗ ਸੰਗ੍ਰਿਹ ਦਾ ਅਧਿਐਨ ਕਰਨ ਆਉਂਦੇ ਹਨ।

## ਲਾਇਬ੍ਰੇਰੀ ਨੂੰ ਕੌਣ ਵਰਤ ਸਕਦਾ ਹੈ?

ਸਾਡੀਆਂ ਨੁਮਾਇਸ਼ਾਂ ਦਾ ਆਨੰਦ ਮਾਣਨ ਤੇ ਪਬਲਿਕ ਸਮਾਗਮਾਂ ਵਿਚ ਭਾਗ ਲੈਣ ਲਈ ਸਾਡੀ ਲਾਇਬ੍ਰੇਰੀ ਵਿਖੇ ਹਰ ਕਿਸੇ ਦਾ ਸੁਆਗਤ ਹੈ। ਪਰ ਸਾਡੇ ਰੀਡਿੰਗ ਰੂਮ ਵਿਚ ਸੰਗ੍ਰਿਹ ਨੂੰ ਵਰਤਣ ਲਈ ਤੁਹਾਨੂੰ ਸਾਡੇ ਰੀਡਰ ਪਾਸ ਲਈ ਰਜਿਸਟਰ ਹੋਣ ਦੀ ਲੋੜ ਪਵੇਗੀ। ਕਿਰਪਾ ਕਰਕੇ ਧਿਆਨ ਦਿਓ ਕਿ ਰੀਡਿੰਗ ਰੂਮ ਤਕ ਪਹੁੰਚ ਅਤੇ ਪਾਸ ਦੀ ਮਿਆਦ ਤੁਹਾਡੀਆਂ ਰੀਸਰਚ ਦੀਆਂ ਲੋੜਾਂ 'ਤੇ ਆਧਾਰਿਤ ਹੈ। ਸਾਡੀਆਂ ਸੇਵਾਵਾਂ ਲਈ ਵੱਧ ਮੰਗ ਦੀ ਵਜ੍ਹਾ ਤੇ ਅਸੀਂ ਦਾਖ਼ਲੇ ਦੀ ਗਰੰਟੀ ਨਹੀਂ ਦੇ ਸਕਦੇ ਹਾਂ ਅਤੇ ਸਾਡੇ ਸੰਗ੍ਰਿਹ ਵਿੱਚੋਂ ਵਿਸ਼ੇਸ਼ ਚੀਜ਼ਾਂ ਨੂੰ ਵੇਖਣ ਦੀ ਤੁਹਾਡੀ ਲੋੜ ਦੀ ਬੁਨਿਆਦ ਤੇ ਹੀ ਰੀਡਰ ਪਾਸ ਜਾਰੀ ਕੀਤਾ ਜਾਂਦਾ ਹੈ। ਦੂਜੀਆਂ ਲਾਇਬ੍ਰੇਰੀਆਂ ਜਾਂ ਸਰੋਤ ਤੁਹਾਡੀ ਰੀਸਰਚ ਲਈ ਵਧੇਰੇ ਢੁਕਵੇਂ ਹੋ ਸਕਦੇ ਹਨ, ਲਿਹਾਜ਼ਾ ਸਟਾਫ਼ ਤੁਹਾਨੂੰ ਇਸ ਬਾਰੇ ਮਸ਼ਵਰਾ ਦੇਵੇਗਾ।

## ਪਾਸ ਲਈ ਰਜਿਸਟਰ ਹੋਣ ਤੋਂ ਪਹਿਲਾਂ ਮੈਨੂੰ ਕੀ ਪਤਾ ਹੋਣਾ ਚਾਹੀਦਾ ਹੈ?

ਬ੍ਰਿਟਿਸ਼ ਲਾਇਬ੍ਰੇਰੀ ਦੂਜੀਆਂ ਪਬਲਿਕ ਜਾਂ ਯੂਨੀਵਰਸਿਟੀ ਲਾਇਬ੍ਰੇਰੀਆਂ ਤੋਂ ਬਹੁਤ ਹੀ ਵੱਖ ਹੈ:

- ਰੀਡਿੰਗ ਰੂਮ ਦੇ ਖੁੱਲ੍ਹੇ ਸ਼ੈੱਲਫ਼ਾਂ ਵਿੱਚ ਸਿਰਫ਼ ਸਧਾਰਨ ਹਵਾਲੇ ਯੋਗ ਪੁਸਤਕਾਂ ਅਤੇ ਸਾਈਂਸ ਤੇ ਵਣਜ-ਵਪਾਰ ਦੇ ਚਲੰਤ ਸੰਗ੍ਰਿਹ ਹੀ ਉਪਲਬਧ ਹੁੰਦੇ ਹਨ।

- ਲਾਇਬ੍ਰੇਰੀ ਦੀ ਵਧੇਰੀਆਂ ਚੀਜ਼ਾਂ ਨੂੰ ਸਟੋਰ ਵਿੱਚ ਰੱਖਿਆ ਜਾਂਦਾ ਹੈ। ਇਸ ਗੱਲ 'ਤੇ ਆਧਾਰਿਤ ਕਿ ਉਹਨਾਂ ਨੂੰ ਕਿੱਥੇ ਸਟੋਰ ਕੀਤਾ ਗਿਆ ਹੈ, ਚੀਜ਼ਾਂ ਨੂੰ ਸਟੋਰ ਤੋਂ ਲਿਆ ਕੇ ਰੀਡਿੰਗ ਰੂਮ ਵਿਚ ਮੁਹੱਈਆ ਕਰਨ ਵਿਚ ਆਮ ਤੌਰ ਤੇ 70 ਮਿੰਟਾਂ (ਮੌਕੇ ਤੇ ਮੌਜੂਦ) ਅਤੇ 48+ ਘੰਟਿਆਂ (ਥਾਂ ਤੋਂ ਦੂਰ) ਦੇ ਦਰਮਿਆਨ ਸਮਾ ਲੱਗ ਦਾ ਹੈ।

- ਮੌਕੇ ਤੇ ਮੌਜੂਦ ਸਟੋਰਾਂ ਵਿਚ ਰੱਖੀਆਂ ਚੀਜ਼ਾਂ ਨੂੰ ਉਸੇ ਦਿਨ ਮੁਹੱਈਆ ਕਰਵਾਉਣ ਵਾਸਤੇ 16.00 ਵਜੇ ਤੋਂ ਪਹਿਲਾਂ ਉਹਨਾਂ ਲਈ ਮੰਗ ਕਰਨ ਦੀ ਲੋੜ ਹੈ।

- ਇਸ ਤੋਂ ਪਹਿਲਾਂ ਕਿ ਤੁਸੀਂ ਰੀਡਰ ਪਾਸ ਲਈ ਰਜਿਸਟਰ ਹੋਵੋ, ਇਹ ਮਦਦਗਾਰ ਰਹਿੰਦਾ ਹੈ ਕਿ ਤੁਸੀਂ ਪਹਿਲਾਂ ਲਾਇਬ੍ਰੇਰੀ ਦੇ ਆਨਲਾਈਨ ਕੈਟਲਾਗ www.bl.uk ਵਿੱਚ ਤਲਾਸ਼ ਕਰਕੇ ਪੱਕਾ ਕਰ ਲਵੋ ਕਿ ਤੁਹਾਡੀ ਲੋੜੀਂਦੀ ਸਮੱਗਰੀ ਸਾਡੇ ਕੋਲ ਹੈ; ਤੁਸੀਂ ਜਿਸ ਚੀਜ਼ ਨੂੰ ਵੇਖਣਾ ਚਾਹੁੰਦੇ ਹੋ, ਕਿਰਪਾ ਯਾਦ ਨਾਲ ਉਸ ਦਾ ਵੇਰਵਾ ਨਾਲ ਆ ਕੇ ਆਓ ਜੀ।

- ਲਾਇਬ੍ਰੇਰੀ ਸਟੈਂਡਰਡ ਟੈੱਕਸਟ ਦੀਆਂ ਕਿਤਾਬਾਂ ਦੀਆਂ ਬਹੁਤੀਆਂ ਕਾਪੀਆਂ ਨਹੀਂ ਰੱਖਦੀ ਹੈ ਅਤੇ ਸਧਾਰਨ ਤੌਰ ਤੇ ਯੂਨੀਵਰਸਿਟੀ ਦੀ ਪੜ੍ਹਾਈ ਯੋਗ ਸਮੱਗਰੀ ਲਈ ਯੋਗ ਥਾਂ ਨਹੀਂ ਹੈ।

- ਜਦੋਂ ਤਕ ਕਿ ਦੂਜੀਆਂ ਲਾਇਬ੍ਰੇਰੀਆਂ ਵਿੱਚ ਉਪਲਬਧ ਨਾ ਹੋਣ ਕਰਕੇ ਉਹਨਾਂ ਨੂੰ ਵਿਸ਼ੇਸ਼ ਚੀਜ਼ਾਂ ਦੀ ਸਪਸ਼ਟ ਲੋੜ ਹੀ ਨਾ ਹੋਵੇ, ਅਸੀਂ ਸਧਾਰਨ ਤੌਰ ਤੇ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਪਹੁੰਚ ਨਹੀਂ ਦਿੰਦੇ ਹਾਂ। ਵਧੇਰੇ ਵੇਰਵੇ ਲਈ www.bl.uk ਵੇਖੋ।

- ਤੁਸੀਂ ਸਾਡੇ ਕਿਸੇ ਵੀ ਰੀਡਿੰਗ ਰੂਮ ਤੋਂ ਚੀਜ਼ਾਂ ਨੂੰ ਉਧਾਰੀ ਨਹੀਂ ਲੈ ਜਾ ਸਕਦੇ ਹੋ।

## ਰੀਡਰ ਪਾਸ ਲਈ ਰਜਿਸਟਰ ਕਿਵੇਂ ਹੋਣਾ ਹੈ

ਕੰਪਿਊਟਰ ਆਧਾਰਿਤ ਬਿਨੈ ਫ਼ਾਰਮ ਨੂੰ ਭਰਨ ਲਈ St Pancras ਦੇ ਉਪਰਲੇ ਗ੍ਰਾਊਂਡ ਫ਼ਲੋਰ ਵਿਖੇ ਰੀਡਰ ਰਜਿਸਟ੍ਰੇਸ਼ਨ ਤੇ ਆਓ। ਕੋਈ ਵੀ ਚੀਜ਼ਾਂ ਜਿਹੜੀਆਂ ਤੁਹਾਡੇ ਬਿਨੈ ਨੂੰ ਸਹਾਰਾ ਦੇ ਸਕਦੀਆਂ ਹਨ, ਜਿਵੇਂ ਕਿ ਕਾਰੋਬਾਰੀ ਕਾਰਡ, ਪੇਸ਼ਾਵਰ ਮੈਂਬਰਸ਼ਿਪ ਕਾਰਡ ਜਾਂ ਜਿਨ੍ਹਾਂ ਚੀਜ਼ਾਂ ਨੂੰ ਤੁਸੀਂ ਵੇਖਣਾ ਚਾਹੁੰਦੇ ਹੋ ਉਹਨਾਂ ਦਾ ਵੇਰਵਾ, ਇਹਨਾਂ ਨੂੰ ਆਪਣੇ ਨਾਲ ਲਿਆਉਣ ਨਾਲ ਮਦਦ ਮਿਲਦੀ ਹੈ।
ਤੁਹਾਡੇ ਲਈ ਆਪਣਾ ਹਸਤਾਖਰ ਵਾਲਾ ਪਛਾਣ ਪੱਤਰ ਅਤੇ ਘਰ ਦੇ ਪਤੇ ਦਾ ਸਬੂਤ ਵੀ ਨਾਲ ਲਿਆਉਣਾ ਜ਼ਰੂਰੀ ਹੈ।
ਤੁਹਾਡੀਆਂ ਲੋੜਾਂ ਦੇ ਮੁਤਾਬਕ ਤੁਹਾਡਾ ਪਾਸ ਇਕ ਮਹੀਨੇ ਤੋਂ ਤਿੰਨ ਸਾਲ ਤਕ ਲਈ ਜਾਰੀ ਹੋ ਸਕਦਾ ਹੈ। ਨਿੱਜੀ ਰੀਸਰਚ ਲਈ, ਜਦੋਂ ਤਕ ਕਿ ਸਪਸ਼ਟ ਲੋੜ ਹੀ ਨ ਹੋਵੇ, ਅਸੀਂ ਸਧਾਰਨ ਤੌਰ ਤੇ ਇਕ ਮਹੀਨੇ ਤੋਂ ਵੱਧ ਦਾ ਪਾਸ ਜਾਰੀ ਨਹੀਂ ਕਰਦੇ ਹਾਂ। ਰੀਡਰ ਪਾਸ ਲਾਇਬ੍ਰੇਰੀ ਦੀਆਂ ਵਰਤੋਂ ਦੀਆਂ ਸ਼ਰਤਾਂ ਹੇਠ ਜਾਰੀ ਕੀਤਾ ਜਾਂਦਾ ਹੈ; ਇਸ ਦੀ ਨਕਲ ਰੀਡਰ ਰਜਿਸਟ੍ਰੇਸ਼ਨ ਅਤੇ ਸਾਡੀ ਵੈਬਸਾਈਟ 'ਤੇ ਉਪਲਬਧ ਹੈ। ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਤੁਸੀਂ ਵਰਤੋਂ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ ਹੋ ਤਾਂ ਤੁਹਾਡੇ ਰੀਡਰ ਪਾਸ ਦੀ ਵਰਤੋਂ ਨੂੰ ਰੋਕਿਆ ਜਾ ਸਕਦਾ ਹੈ।

- **ਪਛਾਣ ਅਤੇ ਪਤੇ ਦੇ ਸਬੂਤ ਦੀਆਂ ਸ਼ਰਤਾਂ**
  ਇਕ ਰੀਡਰ ਦੇ ਤੌਰ ਤੇ ਰਜਿਸਟਰ ਹੋਣ ਲਈ ਜਾਂ ਰੀਡਰ ਪਾਸ ਨੂੰ ਨਵਿਆਉਣ ਲਈ ਜਾਂ ਉਸ ਦਾ ਬਦਲ ਲੈਣ ਲਈ ਤੁਹਾਨੂੰ ਦੋ ਤਰ੍ਹਾਂ ਦੀ ਪਛਾਣ ਵਿਖਾਉਣ ਦੀ ਲੋੜ ਹੈ; ਇਕ ਜਿਸ 'ਤੇ ਤੁਹਾਡੇ

ਹਸਤਾਖਰ ਹੋਣ ਅਤੇ ਦੂਜੀ ਜੋ ਤੁਹਾਡੇ ਘਰ ਦੇ ਪਤੇ ਦਾ ਸਬੂਤ ਵਿਖਾਵੇ। ਸਾਡੇ ਲਈ ਉਹਨਾਂ ਦੀਆਂ **ਅਸਲ** ਦਸਤਾਵੇਜ਼ਾਂ ਵੇਖਣਾ ਜ਼ਰੂਰੀ ਹੈ ਅਤੇ ਅਸੀਂ ਉਹਨਾਂ ਦੀਆਂ ਫ਼ੋਟੋਕਾਪੀਆਂ, ਫ਼ੈਕਸ, ਇੰਟਰਨੈਟ ਜਾਂ ਬ੍ਰਾਂਚ ਤੋਂ ਛਪੀਆਂ ਦਸਤਾਵੇਜ਼ਾਂ ਨੂੰ ਸਵੀਕਾਰ ਨਹੀਂ ਕਰ ਸਕਦੇ ਹਾਂ।
ਕਿਰਪਾ ਕਰਕੇ ਧਿਆਨ ਦਿਓ ਕਿ ਯੂਟਿਲਿਟੀ ਬਿਲ, ਬੈਂਕ ਜਾਂ ਬਿਲਡਿੰਗ ਸੋਸਾਇਟੀ ਦੀਆਂ ਸਟੇਟਮੈਂਟਾਂ, ਕ੍ਰੈਡਿੱਟ ਕਾਰਡ ਦੀਆਂ ਸਟੇਟਮੈਂਟਾਂ, ਐਚਐਮ ਟੇਕਸ ਅਤੇ ਕਸਟਮ ਦੀਆਂ ਸਟੇਟਮੈਂਟਾਂ, ਰਾਜਕੀ ਪੈਨਸ਼ਨ ਬੁੱਕ, ਬੈਨਿਫ਼ਿਟ/ਪਰਵਾਰਿਕ ਕ੍ਰੈਡਿੱਟ ਬੁੱਕ ਜਾਂ ਤਨਖ਼ਾਹ ਸਲਿੱਪ **ਤਿੰਨ ਮਹੀਨਿਆਂ ਤੋਂ ਵੱਧ ਪੁਰਾਣੀਆਂ ਨਹੀਂ ਹੋ ਸਕਦੀਆਂ।**
ਅਸੀਂ ਦੋਵੇਂ ਤਰ੍ਹਾਂ ਦੀ ਪਛਾਣ ਦੇ ਬਿਨਾ ਰੀਡਰ ਪਾਸ ਜਾਰੀ ਨਹੀਂ ਕਰ ਸਕਦੇ – ਇਹਨਾਂ ਤੋਂ ਛੋਟ ਨਹੀਂ ਦਿੱਤੀ ਜਾ ਸਕਦੀ। ਸਾਡੀਆਂ ਪਛਾਣ ਦੀਆਂ ਸ਼ਰਤਾਂ ਵਿਚ ਤਬਦੀਲੀ ਆ ਸਕਦੀ ਹੈ, ਜੇਕਰ ਸ਼ੱਕ ਹੋਵੇ ਤਾਂ ਕਿਰਪਾ ਕਰਕੇ reader-registration@bl.uk ਨੂੰ ਸੰਪਰਕ ਕਰੋ। ਪਛਾਣ ਦਸਤਾਵੇਜ਼ਾਂ ਹੇਠ ਲਿਖੀਆਂ ਹਨ:

| **ਤੁਹਾਡੇ ਘਰ ਦੇ ਪਤੇ ਦਾ ਸਬੂਤ। ਤੁਹਾਨੂੰ ਇਹਨਾਂ ਵਿੱਚੋਂ ਇਕ ਵਿਖਾਉਣ ਦੀ ਲੋੜ ਹੈ ਅਤੇ ਇਸ ਵਿਚ ਤੁਹਾਡਾ ਨਾਂ ਅਤੇ ਪਤਾ ਦਿੱਤਾ ਹੋਵੇ:** | **+** | **ਤੁਹਾਡੀ ਪਛਾਣ ਦਾ ਸਬੂਤ (ਹਸਤਾਖਰ ਸਮੇਤ)। ਤੁਹਾਨੂੰ ਇਹਨਾਂ ਵਿੱਚੋਂ ਇਕ ਵਿਖਾਉਣ ਦੀ ਲੋੜ ਹੈ ਅਤੇ ਇਸ 'ਤੇ ਤੁਹਾਡੇ ਹਸਤਾਖਰ ਹੋਣੇ ਚਾਹੀਦੇ ਹਨ:** |
|---|---|---|
| ਯੂਟਿਲਿਟੀ ਬਿਲ (ਗੈਸ, ਬਿਜਲੀ, ਟੈਲੀਫ਼ੋਨ, ਪਾਣੀ)<br>ਬੈਂਕ/ਬਿਲਡਿੰਗ ਸੋਸਾਇਟੀ ਦੀ ਸਟੇਟਮੈਂਟ (ਆਨਲਾਈਨ ਜਾਂ ਬੈਂਕ ਦੀ ਬ੍ਰਾਂਚ ਤੋਂ ਛਪੀ ਹੋਈ ਨਹੀਂ)<br>ਕ੍ਰੈਡਿੱਟ ਕਾਰਡ ਸਟੇਟਮੈਂਟ<br>ਕੌਂਸਲ ਟੈਕਸ ਬਿਲ/ਕੌਂਸਲ ਕਿਰਾਇਆ ਬੁੱਕ<br>ਐੱਚਐੱਮ ਟੈਕਸ ਅਤੇ ਕਸਟਮ ਸਟੇਟਮੈਂਟ<br>ਰਾਜ ਪੈਨਸ਼ਨ ਬੁੱਕ<br>ਬੈਨਿਫ਼ਿਟ/ਫ਼ੈਮਲੀ ਕ੍ਰੈਡਿੱਟ ਬੁੱਕ<br>ਪਾਸਪੋਰਟ (ਜਿਸ ਵਿਚ ਜਾਰੀ ਕਰਨ ਵਾਲੇ ਅਧਿਕਾਰੀ ਨੇ ਸਰਕਾਰੀ ਤੌਰ ਤੇ ਪਤਾ ਦਰਜ ਕੀਤਾ ਹੈ) *<br>ਰਾਸ਼ਟਰੀ ਪਛਾਣ ਕਾਰਡ ਜਿਸ ਵਿੱਚ ਪਤਾ ਦਰਜ ਹੈ *<br>ਡ੍ਰਾਈਵਿੰਗ ਲਸੰਸ ਜਿਸ ਵਿੱਚ ਪਤਾ ਦਰਜ ਹੈ *<br>ਹੋਮ ਆਫ਼ਿਸ ਵੱਲੋਂ ਵੱਸਣ ਲਈ ਜਾਰੀ ਕੀਤਾ ਪਰਮਿਟ<br>ਹਾਲ ਆਫ਼ ਰੈਜ਼ੀਡੈਂਸ ਲਈ ਯੂਨੀਵਰਸਿਟੀ ਪ੍ਰਮਾਣ ਪੱਤਰ (ਸੰਸਥਾ ਵੱਲੋਂ ਲੱਗੀ ਮੁਹਰ ਅਤੇ ਹਸਤਾਖਰ)<br>ਟੀਵੀ ਲਸੰਸ<br>ਅਗਨ ਸ਼ਸਤਰ ਲਸੰਸ<br>ਘਰ ਦੀ ਬੀਮਾ ਪਾਲਿਸੀ<br>ਤਨਖ਼ਾਹ ਸਲਿੱਪ (ਜਿਸ ਵਿਚ ਨਿਯੁਕਤੀਕਾਰ | | ਪਾਸਪੋਰਟ*<br>ਡ੍ਰਾਈਵਿੰਗ ਲਸੰਸ*<br>ਬੈਂਕ ਕਾਰਡ<br>ਕ੍ਰੈਡਿੱਟ ਕਾਰਡ<br>ਰਾਸ਼ਟਰੀ ਪਛਾਣ ਕਾਰਡ *<br>ਪੁਲਿਸ/ਕਸਟਮ/ਹੋਮ ਆਫ਼ਿਸ/ਵਰੰਟ ਕਾਰਡ<br>ਸਮੁੰਦਰੀ/ਹਵਾਈ ਮਾਸਟਰ ਲਸੰਸ |

| | | |
|---|---|---|
| ਅਤੇ ਕਰਮਚਾਰੀ ਦੇ ਪਤੇ ਦਿੱਤੇ ਹੋਣ) | | |

- ਇਹ ਦਸਤਾਵੇਜ਼ ਸਿਰਫ਼ ਪਤੇ ਦੇ ਸਬੂਤ ਵਜੋਂ ਵਰਤੀਆਂ ਜਾ ਸਕਦੀਆਂ ਹਨ ਜਾਂ ਪਛਾਣ ਦੇ ਸਬੂਤ ਵਜੋਂ। ਇਹਨਾਂ ਨੂੰ ਦੋਵੇ ਸਬੂਤਾਂ ਲਈ ਨਹੀਂ ਵਰਤਿਆ ਜਾ ਸਕਦਾ। ਕਿਰਪਾ ਕਰਕੇ ਧਿਆਨ ਦਿਓ ਕਿ ਕੁਝ ਡ੍ਰਾਈਵਿੰਗ ਲਸੰਸ ਅਤੇ ਰਾਸ਼ਟਰੀ ਪਛਾਣ ਪੱਤਰ ਪਤਾ ਨਹੀਂ ਦਰਸਾਉਂਦੇ ਹਨ ਅਤੇ ਇਸ ਲਈ ਅਸੀਂ ਇਹਨਾਂ ਦਸਤਾਵੇਜ਼ਾਂ ਨੂੰ ਸਵੀਕਾਰ ਨਹੀਂ ਕਰ ਸਕਦੇ ਹਾਂ। ਕਿਰਪਾ ਕਰਕੇ ਧਿਆਨ ਦਿਓ ਕਿ ਜਦੋਂ ਲੋੜ ਪਵੇ ਤਾਂ ਵਿਦੇਸ਼ੀ ਦਸਤਾਵੇਜਾਂ ਦਾ ਸਰਕਾਰੀ ਤਰਜਮਾ ਮੁਹੱਈਆ ਕਰਨਾ ਤੁਹਾਡੀ ਜ਼ੁੰਮੇਵਾਰੀ ਹੈ। ।

## ਰੀਡਿੰਗ ਰੂਮ ਦੀਆਂ ਸ਼ਰਤਾਂ:

ਕਿਰਪਾ ਕਰਕੇ ਧਿਆਨ ਦਿਓ ਕਿ ਤੁਹਾਡੇ ਲਈ ਬ੍ਰਿਟਿੱਸ਼ ਲਾਇਬ੍ਰੇਰੀ ਰੀਡਿੰਗ ਰੂਮ ਦੀ ਵਰਤੋਂ ਦੀਆਂ ਸ਼ਰਤਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਕਾਪੀ ਰੀਡਰ ਰਜਿਸਟ੍ਰੇਸ਼ਨ ਅਤੇ www.bl.uk ‘ਤੇ ਉਪਲਬਧ ਹੈ।

### ਰੀਡਰ ਰਜਿਸਟ੍ਰੇਸ਼ਨ ਦੇ ਖੁੱਲ੍ਹਣ ਦੇ ਸਮੇ:

| ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸਨਿੱਚਰ | ਐਤਵਾਰ ਅਤੇ ਬਰਤਾਨਵੀ ਸਰਕਾਰੀ ਛੁੱਟੀਆਂ |
|---|---|---|---|---|---|---|
| 09.30-17.45 | 09.30-19.45 | 09.30-17.45 | 09.30-17.45 | 09.30-16.15 | 09.30-16.15 | ਬੰਦ |

ਕਿਰਪਾ ਕਰਕੇ ਦਫ਼ਤਰ ਬੰਦ ਹੋਣ ਤੋਂ ਘੱਟੋ-ਘੱਟ 15 ਮਿੰਟ ਪਹਿਲਾਂ ਪਹੁੰਚੋ।

### St Pancras ਰੀਡਰ ਰੂਮ ਦੇ ਖੁੱਲ੍ਹਣ ਦੇ ਸਮੇ:

ਰੀਡਿੰਗ ਰੂਮ ਐਤਵਾਰ ਅਤੇ ਬਰਤਾਨਵੀ ਸਰਕਾਰੀ ਛੁੱਟੀਆਂ ਨੂੰ ਬੰਦ ਰਹਿੰਦੇ ਹਨ।

| | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸਨਿੱਚਰ | ਐਤਵਾਰ ਅਤੇ ਬਰਤਾਨਵੀ ਸਰਕਾਰੀ ਛੁੱਟੀਆਂ |
|---|---|---|---|---|---|---|---|
| ਵਣਜ-ਵਪਾਰ ਅਤੇ ਆਈਪੀ ਸੈਂਟਰ, ਇਤਿਹਾਸ, ਸਾਹਿਤ, ਆਦਿ, ਦੁਰਲੱਭ ਕਿਤਾਬਾਂ ਤੇ ਸੰਗੀਤ, ਸਾਈਂਸ, | 10.00 - 20.00 | 09.30 - 20.00 | 09.30 - 20.00 | 09.30 - 20.00 | 09.30 - 17.00 | 09.30 - 17.00 | ਬੰਦ |

| | | | | | | | |
|---|---|---|---|---|---|---|---|
| ਸਮਾਜਿਕ ਸਾਈਂਸ | | | | | | | |
| ਏਸ਼ਿਆਈ ਅਤੇ ਅਫ਼੍ਰੀਕਨ ਅਧਿਐਨ, ਨਕਸ਼ੇ, ਹਸਤ-ਲਿਖਤਾਂ | 10.00 - 17.00 | 09.30 - 17.00 | 09.30 - 17.00 | 09.30 - 17.00 | 09.30 - 17.00 | 09.30 - 17.00 | **ਬੰਦ** |

**ਨੁਮਾਇਸ਼ ਗੈਲਰੀਆਂ ਅਤੇ ਦੁਕਾਨ ਦੇ ਖੁੱਲ੍ਹਣ ਦੇ ਸਮੇ:**

| **ਸੋਮ** | **ਮੰਗਲ** | **ਬੁੱਧ** | **ਵੀਰ** | **ਸੁੱਕਰ** | **ਸਨਿੱਚਰ** | **ਐਤਵਾਰ ਅਤੇ ਬਰਤਾਨਵੀ ਸਰਕਾਰੀ ਛੁੱਟੀਆਂ** |
|---|---|---|---|---|---|---|
| 09.30-18.00 | 09.30-20.00 | 09.30-18.00 | 09.30-18.00 | 09.30-18.00 | 09.30-17.00 | 11.00-17.00 |

ਸਾਰੇ ਸਮੇਂ ਯੂਕੇ ਸਥਾਨਿਕ ਸਮੇ ਦੇ ਮੁਤਾਬਕ ਹਨ।

## ਸਾਡੇ ਤਕ ਕਿਵੇਂ ਪਹੁੰਚਿਆ ਜਾ ਸਕਦਾ ਹੈ

**ਰੇਲ**

ਸਭ ਤੋਂ ਨੇੜੇ ਦੇ ਰੇਲਵੇ ਸਟੇਸ਼ਨ St Pancras International, King’s Cross, King’s Cross Thameslink ਅਤੇ Euston ਹਨ।
ਸਭ ਤੋਂ ਨੇੜੇ ਦੇ ਅੰਡਰਗ੍ਰਾਊਂਡ ਸਟੇਸ਼ਨ King’s Cross St Pancras, Euston ਅਤੇ Euston Square ਹਨ।

**ਬਸ**

10, 30, 73, 91, 390 ਅਤੇ 476 ਬਸ ਰੂਟ ਬਿਲਡਿੰਗ ਦੇ ਕੋਲੋਂ ਲੰਘਦੇ ਹਨ।

**ਕਾਰ/ਮੋਟਰਬਾਈਕ/ਸਾਈਕਲ**

ਸਭ ਤੋਂ ਨੇੜੇ ਦੇ ਕਾਰ ਪਾਰਕ Marchmont Street ਅਤੇ Judd Street ਵਿਖੇ ਅਤੇ ਮੀਟਰ ਪਾਰਕਿੰਗ Ossulton Street ਵਿਖੇ ਉਪਲਬਧ ਹਨ।
ਸਾਈਕਲਾਂ ਲਈ ਕਵਰ ਕੀਤਾ ਹੋਇਆ ਖੇਤਰ ਸਾਡੇ Piazza ਵਿਖੇ ਹੈ।

**www.bl.uk**
**ਟੈਲੀਫ਼ੋਨ +44 (0)843 208 1144**